

# ਡੈਨਾਲੋਜਿਕ ਐਕਟੀਓ ਲਈ ਪਤਲੀਆਂ ਟਿਊਬਾਂ ਨੂੰ ਸਾਫ਼ ਕਰਨਾ ਅਤੇ ਬਦਲਣਾ


**ਸਫਾਈ**
ਸਭ ਤੋਂ ਪਹਿਲਾਂ, ਤੁਸੀਂ ਗਿੱਲੇ ਕੱਪੜੇ ਨਾਲ ਪਤਲੀ ਟਿਊਬ ਅਤੇ ਡੋਮ ਨੂੰ ਪੂੰਝ ਸਕਦੇ ਹੋ। ਜੇਕਰ ਪਤਲੀ ਟਿਊਬ ਵੈਕਸ ਜਾਂ ਹੋਰ ਮਲਬੇ ਨਾਲ ਭਰੀ ਹੋਈ ਹੈ, ਤਾਂ ਹੀਅਰਿੰਗ ਏਡ ਤੋਂ ਪੂਰੀ ਟਿਊਬ ਨੂੰ ਧਿਆਨ ਨਾਲ ਖਿੱਚ ਕੇ ਇਸਨੂੰ ਹੀਅਰਿੰਗ ਏਡ ਤੋਂ ਹਟਾਓ।



1. ਅੱਗੇ, ਡੋਮ ਨੂੰ ਰਿਬਡ ਵਾਲੇ ਸਿਰੇ ਤੋਂ ਖਿੱਚ ਕੇ ਹਟਾਓ।




2. ਹੁਣ, ਸਫਾਈ ਤਾਰ ਨੂੰ ਪਤਲੀ ਟਿਊਬ ਦੇ ਉੱਪਰ ਵੱਲ ਧੱਕੋ ਜਿੱਥੇ ਇਹ ਹੀਅਰਿੰਗ ਏਡ ਨਾਲ ਜੁੜਦੀ ਹੈ। ਕੋਈ ਵੀ ਮਲਬਾ ਕਢ ਪੂਰੀ ਤਰ੍ਹਾਂ ਹਟਾਉਣ ਲਈ ਸਫਾਈ ਤਾਰ ਨੂੰ ਪੂਰੀ ਤਰ੍ਹਾਂ ਥਰਿੱਡ ਕਕ ਕਰੋ।




3. ਹੁਣ, ਡੋਮ ਨੂੰ ਪਤਲੀ ਟਿਊਬ 'ਤੇ ਵਾਪਸ ਧੱਕੋ।

# ਡੈਨਾਲੋਜਿਕ ਐਕਟੀਓ ਲਈ ਪਤਲੀਆਂ ਟਿਊਬਾਂ ਦੀ ਸਫਾਈ ਅਤੇ ਇਨ੍ਹਾਂ ਨੂੰ ਬਦਲਣਾ (ਨਿਰੰਤਰ)



4. ਡੋਮ ਦੇ ਹੇਠਲੇ ਹਿੱਸੇ ਨੂੰ ਧਿਆਨ ਨਾਲ ਚੁੱਕ ਕੇ ਜਾਂਚ ਕਰੋ ਕਿ ਇਹ ਲੱਗਿਆ ਹੋਇਆ ਹੈ ਅਤੇ ਇਹ ਪੁਸ਼ਟੀ ਕਰੋ ਕਿ ਕਾੱਲਰ ਪੂਰੀ ਤਰ੍ਹਾਂ ਪਤਲੀ ਟਿਊਬ ਦੇ ਰਿਬਡ ਸਿਰੇ ਨੂੰ ਢੱਕਦਾ ਹੈ।



5. ਅੰਤ ਵਿੱਚ, ਪਤਲੀ ਟਿਊਬ ਨੂੰ ਹੀਅਰਿੰਗ ਏਡ 'ਤੇ ਵਾਪਸ ਧੱਕੋ ਜਦੋਂ ਤੱਕ ਇਹ ਮਜ਼ਬੂਤੀ ਨਾਲ ਜਗ੍ਹਾ 'ਤੇ ਕਲਿੱਕ ਨਹੀਂ ਕਰਦੀ ਹੈ।

**ਬਦਲਣਾ**

ਜੇਕਰ ਤੁਹਾਨੂੰ ਆਪਣੀ ਪਤਲੀ ਟਿਊਬ ਨੂੰ ਬਦਲਣ ਦੀ ਲੋੜ ਹੈ ਤਾਂ ਆਪਣੇ ਹੀਅਰਿੰਗ ਏਡ ਦੀ ਪੂਰੀ ਟਿਊਬ ਨੂੰ ਖਿੱਚੋ ਅਤੇ ਇੱਕ ਨਵੀਂ ਟਿਊਬ ਨਾਲ ਬਦਲੋ, ਇਹ ਯਕੀਨੀ ਬਣਾਓ ਕਿ ਇਹ ਥਾਂ 'ਤੇ ਮਜ਼ਬੂਤੀ ਨਾਲ ਕਲਿੱਕ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਉੱਪਰ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ ਕਿ ਇੱਕ ਨਵਾਂ ਡੋਮ ਤੁਹਾਡੀ ਨਵੀਂ ਪਤਲੀ ਟਿਊਬ ਵਿੱਚ ਸਹੀ ਤਰ੍ਹਾਂ ਫਿੱਟ ਹੈ।

ਹੋਰ ਸਹਾਇਤਾ ਲਈ, QR ਕੋਡ ਨੂੰ ਸਕੈਨ ਕਰੋ ਜਾਂ ਸਾਡੇ ਮਰੀਜ਼ ਸਹਾਇਤਾ ਪੋਰਟਲ 'ਤੇ ਜਾਓ: **danalogic.co.uk/patient-portal**